**Sagacity:** A Multidisciplinary Research Journal ISSN: 2583-7540 Jan - June 2026, Vol. 5, No.1.

# ਸਮਕਾਲੀ ਪੰਜਾਬੀ ਕਵਿਤਾ : ਵਿਭਿੰਨ ਸਰੋਕਾਰ

Ms. Ravinder Kaur
Associate Prof. And Head
PG Deptt. of Punjabi
Khalsa College for Women,
Amritsar

Dr. Simranjeet Kaur
Assistant Prof.
PG Deptt. of Punjabi
Khalsa College for Women,
Amritsar

ਕਵਿਤਾ ਦੀ ਸਥਿਤੀ ਕਿਸੇ ਕੌਮ ਦੀ ਸਭਿਆਚਾਰਕ ਤੇ ਸਮਾਜਕ ਸਥਿਤੀ ਨਾਲ ਜੁੜੀ ਹੁੰਦੀ ਹੈ। ਮੌਜੂਦਾ ਪ੍ਰਸਥਿਤੀਆਂ ਨੇ ਪੰਜਾਬ ਦੇ ਸਭਿਆਚਾਰ, ਸਮਾਜਿਕ ਕਦਰਾਂ-ਕੀਮਤਾਂ, ਭਾਸ਼ਾ, ਆਰਥਿਕ ਪ੍ਰਬੰਧ ਆਦਿ ਸਾਰਿਆਂ ਨੂੰ ਚੰਗੀ ਤਰ੍ਹਾਂ ਝੰਜੋੜਿਆ ਹੈ। ਜਦੋਂ ਵੀ ਸਮਾਜ ਵਿਚ ਕੋਈ ਲਹਿਰ ਪੈਦਾ ਹੁੰਦੀ ਹੈ ਤੇ ਉਸ ਸਮੇਂ ਅਜਿਹੇ ਹਾਲਾਤ ਬਣਦੇ ਹਨ, ਜੋ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ, ਇਹੋ ਜਿਹੇ ਮਾਹੌਲ ਵਿਚ ਬਹੁਤ ਸਾਰੇ ਨਵੇਂ ਕਵੀ ਸਾਹਮਣੇ ਆਉਂਦੇ ਹਨ ਜੋ ਆਪਣੇ ਹਾਵ-ਭਾਵ ਕਵਿਤਾ ਰਾਹੀਂ ਪ੍ਰਗਟ ਕਰਦੇ ਹਨ।

ਸਮਕਾਲ ਦਾ ਨਿਰਧਾਰਣ ਕਰਨਾ ਜਾਂ ਇਸ ਦਾ ਇਕ ਸਮਾਂ, ਇਕ ਪੜਾਅ, ਇਕ ਮਿਆਦ ਨਿਸ਼ਚਿਤ ਕਰਨਾ ਕਠਿਨ ਕਾਰਜ ਹੈ। ਕਿਸ ਸਮੇਂ ਨੂੰ ਸਮਕਾਲ ਆਖਿਆ ਜਾਵੇ? ਇਹ ਸਮਾਂ ਜਾਂ ਪੜਾਅ ਕਿੱਥੋਂ ਸ਼ੁਰੂ ਹੋਵੇ ਅਤੇ ਕਿਥੇ ਖ਼ਤਮ ਹੋਵੇ? ਆਮ ਤੌਰ 'ਤੇ ਸਮਕਾਲ ਨੂੰ ਮੌਜੂਦਾ ਸਮਾਨਾਂਤਰ ਚਲ ਰਹੇ ਸਮੇਂ ਦੇ ਅਰਥਾਂ ਵਿਚ ਵਿਚਾਰਿਆ ਜਾਂਦਾ ਹੈ। ਮਹਾਨਕੋਸ਼ ਵਿਚ ਦਰਜ ਇੰਦਰਾਜ ਵਿਚ ਸਮਕਾਲ ਨੂੰ "ਉਹੀ ਸਮਾਂ, ਉਹੀ ਵੇਲਾ, ਇਕੋ ਸਮਾਂ"1 ਕਿਹਾ ਗਿਆ ਹੈ। ਡਾ. ਸਤਿੰਦਰ ਸਿੰਘ ਵੀ ਸਮਕਾਲ ਨੂੰ ਤਤਕਾਲੀ ਸਮੇਂ ਦੇ ਪ੍ਰਸੰਗ ਵਿਚ ਰੱਖ ਕੇ ਦੇਖਦੇ ਹਨ:

> "ਸਮਕਾਲ ਤਾਂ ਉਹ ਤਤਕਾਲ ਸਾਹਿਤਿਕ ਜਗਤ ਹੈ ਜਿਸ ਵਿਚ ਅਸੀਂ ਰਹਿ ਰਹੇ ਹਾਂ।"2

ਅਸੀ ਕਾਲ ਅਤੇ ਇਤਿਹਾਸ ਦੇ ਸੁਮੇਲ ਨਾਲ ਹੀ ਸਮਕਾਲ ਨੂੰ ਪਰਿਭਾਸ਼ਤ ਕਰ ਸਕਦੇ ਹਾਂ। ਸਮਕਾਲ ਇਕ ਨਿਸ਼ਚਿਤ ਇਤਿਹਾਸਕ ਪੜਾਅ ਹੈ ਜਿਹੜਾ ਰਾਜਨੀਤਿਕ, ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਵਿਚਾਰਧਾਰਕ ਤੌਰ ਉੱਤੇ ਰਚਨਾ ਵਸਤੂ ਅਤੇ ਰਚਨਾ ਦ੍ਰਿਸ਼ਟੀ ਪੱਖੋਂ ਆਪਣੇ ਪੂਰਵਲੇ ਸਮੇਂ ਤੋਂ ਸਹਿਜੇ-ਸਹਿਜੇ ਭਿੰਨ ਹੁੰਦਾ ਹੈ।

ਸਮਕਾਲ ਦਾ ਸੰਕਲਪਿਕ ਅਰਥ ਕੋਈ ਵੀ ਹੋਵੇ ਅਸੀਂ ਹਥਲੇ ਖੋਜ ਪੱਤਰ ਵਿਚ ਜਿਹੜੀ ਕਵਿਤਾ ਨੂੰ ਸ਼ਾਮਿਲ ਕੀਤਾ ਹੈ ਉਹ ਕਵਿਤਾ 1990 ਤੋਂ ਬਾਅਦ ਰਚੀ ਜਾਂ ਪ੍ਰਕਾਸ਼ਿਤ ਹੋਈ ਕਵਿਤਾ ਹੈ। ਵਿਚਾਰਧਾਰਕ ਤੌਰ ਤੇ ਇਹ ਵਰਤਮਾਨ ਪ੍ਰਸੰਗ ਨਵ-ਪੂੰਜੀਵਾਦ ਦੀ ਚੜ੍ਹਤ ਦਾ ਸਮਾਂ ਹੈ। ਸਮਕਾਲੀ ਕਵਿਤਾ ਨੇ ਆਪਣੇ ਤੋਂ ਪੂਰਬਲੀ ਕਵਿਤਾ ਨਾਲ ਵਿਸ਼ੇ, ਸਾਰ, ਸੁਭਾਅ, ਸੰਚਾਰ ਤੇ ਕਾਵਿ-ਭਾਸ਼ਾ ਦੀ ਪੱਧਰ 'ਤੇ ਇਕ ਵੱਡੀ ਵੱਖਰਤਾ ਜਾਂ ਵਿਭਿੰਨਤਾ ਵਾਲਾ ਬਹੁ-ਪੱਖੀ ਸੰਵਾਦ ਸਿਰਜਿਆ ਹੈ।

"ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪੰਜਾਬ ਸੰਕਟ ਉਪਰੰਤ ਆਏ ਨਵੇਂ ਹੁਲਾਰੇ, ਰੂਸ ਜਾਂ ਪੂਰਬੀ ਯੂਰਪ ਦੇ ਸਮਾਜਵਾਦੀ ਪ੍ਰਬੰਧਾਂ ਦੇ ਟੁੱਟਣ ਤੇ ਅਸਪੱਸ਼ਟ ਪ੍ਰੋਗਰਾਮ ਲੈ ਕੇ ਪੂੰਜੀਵਾਦੀ ਵਿਕਾਸ ਦੇ ਮਾਡਲ ਵੱਲ ਮੋੜਾ ਕੱਟ ਭਾਰਤ ਦਾ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਅਪਣਾਉਣ ਕਰਕੇ ਸਾਡੇ ਸਮਾਜ ਵਿਚ ਗੁੰਝਲਦਾਰ ਮਸਲੇ ਉਪਜੇ ਹਨ।"3 "ਆਰਥਿਕਤਾ, ਸਭਿਆਚਾਰ, ਸਿਆਸਤ ਤੇ ਗਿਆਨ ਦੇ ਖੇਤਰ ਵਿਚ ਅਜਿਹਾ ਅੰਸਤੁਲਨ ਪੈਦਾ ਕਰ ਦਿੱਤਾ ਕਿ ਅੱਜ ਵੀ ਕਵੀ ਇਸ ਸਥਿਤੀ ਤੋਂ ਪ੍ਰਭਾਵਿਤ ਹੈ ਪਰ ਪਿਛਲੇ ਸਾਲਾਂ ਦੀ ਕਵਿਤਾ ਵਿਚ ਕਈ ਨਵੇਂ ਵਿਸ਼ੇ ਸਾਹਮਣੇ ਆਏ ਦਲਿਤ ਮੁਕਤੀ, ਨਾਰੀ-ਸ਼ਕਤੀ, ਦੇਹਵਾਦ, ਮਹਾਂਨਗਰੀ ਸਭਿਆਚਾਰ, ਖਪਤਕਾਰੀ ਸਭਿਆਚਾਰ, ਵਿਸ਼ਵ ਇਕਾਈ, ਖੁਰਦਾ, ਅਸਤਿਤਵ, ਸਵੈ-ਕੇਂਦ੍ਰਿਤ, ਨਿੱਜਵਾਦ ਆਦਿ। ਬਹੁਤ ਸਾਰੇ ਕਵੀ ਪੁਰਾਣੀਆਂ ਕਾਵਿ ਪ੍ਰਵਿਰਤੀਆਂ ਨਾਲ ਜੁੜੇ ਰਹੇ ਪਰ ਕਵਿਤਾ ਵਿਚਲੇ ਇਹ ਨਵੇਂ ਥੀਮ ਦੇ ਕੇਂਦਰ ਲਗਾਤਾਰ ਪੇਸ਼ ਹੋ ਰਹੇ ਹਨ। ਇਹ ਸਾਰੇ ਕੇਂਦਰ ਹਾਲੇ ਤੱਕ ਅੱਡ-ਅੱਡ ਪ੍ਰਵਿਰਤੀਆਂ ਦਾ ਰੂਪ ਨਹੀਂ ਧਾਰ ਸਕੇ, ਇਹ ਫੈਲਦੇ ਸੁੰਗੜਦੇ ਕਾਵਿ ਬਿੰਦੂ ਹਨ, ਦੁਬਿਧਾ, ਸ਼ੰਕਾ, ਵਿਡੰਬਨਾ ਤੇ ਵਿਅੰਗ ਇਨ੍ਹਾਂ ਦੀ ਰਚਨਾ ਦੇ ਮੁੱਖ ਲੱਛਣ ਹਨ।"4

ਸਮਕਾਲੀ ਪੰਜਾਬੀ ਕਵਿਤਾ ਵਿਚ ਇਕ ਵਿਚਾਰਧਾਰਾ, ਵਿਸ਼ਾ ਜਾਂ ਵਿਧੀ ਦੀ ਪੇਸ਼ਕਾਰੀ ਨਹੀਂ ਹੁੰਦੀ ਸਗੋਂ ਇਹ ਸਮਾਨਾਂਤਰ ਵਿਚਾਰਾਂ, ਵਿਧੀਆਂ ਅਤੇ ਵਿਸ਼ਿਆਂ ਸਾਹਿਤ ਪੇਸ਼ ਹੁੰਦੀ ਹੈ। ਇਸੇ ਲਈ ਇਹ ਕਵਿਤਾ ਬਹੁ-ਅਰਥੀ, ਬਹੁ-ਪਰਤੀ ਅਤੇ ਬਹੁ-ਰੰਗੀ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਸਿਰਜਣਾਤਮਕ ਖੇਤਰ ਵਿਚ ਕਵੀ ਗੁਰਭਜਨ ਗਿੱਲ ਪ੍ਰਗਤੀ ਦੀ ਪਰੰਪਰਾ ਨਾਲ ਸੰਬੰਧ ਜੋੜਦਾ ਹੋਇਆ ਸਮਕਾਲ ਵਿਚ ਨਵ-ਪੂੰਜੀਵਾਦੀ ਪ੍ਰਵਚਨਾਂ ਦੇ ਵਿਭਿੰਨ ਰੂਪਾਂ ਤੇ ਧਿਆਨ ਕੇਂਦਰਿਤ ਕਰਕੇ ਇਹਨਾਂ ਦੀ ਵਿਸਰਜਣਾ ਕਰਦਾ ਹੈ। ਉਹ ਪ੍ਰਗਤੀਵਾਦੀ ਵਿਚਾਰਧਾਰਾ ਪ੍ਰਤੀ ਪ੍ਰਤੀਬੱਧਤਾ ਜ਼ਾਹਿਰ ਕਰਦਾ ਹੋਇਆ ਲਤਾੜੀ ਜਾ ਰਹੀ ਸ਼੍ਰੇਣੀ ਦੇ ਹੱਕ ਵਿਚ ਸੰਘਰਸ਼ ਵਿੱਢਣ ਦਾ ਸੰਕੇਤ ਕਰਦਾ ਹੈ।

ਲੰਮੀ ਲੜਾਈ ਵਿਚ
ਜਿੱਤ ਹਾਰ ਕੋਈ ਮਾਅਨਾ ਨਹੀਂ ਰੱਖਦੀ।
ਮਹੱਤਵਪੂਰਨ ਹੁੰਦਾ ਹੈ,
ਤੁਸੀ ਕਿਸ ਖ਼ਾਤਰ ਲੜ ਰਹੇ ਹੋ।

-ਗੁਰਭਜਨ ਗਿੱਲ, ਮਹਾਨ ਕਥਾ

ਪੰਜਾਬੀ ਦੀ ਸਮਕਾਲੀ ਕਵਿਤਾ ਦਾ ਨਾਰੀਵਾਦੀ ਪ੍ਰਵਚਨ ਪ੍ਰਤਿਰੋਧਕ ਸਿਰਜਣਾ ਦਾ ਮਹੱਤਵਪੂਰਨ ਵਿਸਥਾਰ ਬਣ ਰਿਹਾ ਹੈ। ਸਮਕਾਲੀ ਪੰਜਾਬੀ ਕਵਿਤਰੀਆਂ ਨੇ ਪਿਛਲੇ ਦੋ ਦਹਾਕਿਆਂ ਵਿਚ ਨਾਰੀ ਕਵਿਤਾ ਵਿਚ ਨਵੀਂ ਚੇਤਨਾ ਪੈਦਾ ਕਰਨ ਵਿਚ ਮਹੱਤਵਪੂਰਨ ਰੋਲ ਨਿਭਾਇਆ ਹੈ। ਇਕ ਪਾਸੇ ਇਨ੍ਹਾਂ ਵਿਚੋਂ ਕੁਝ ਕਵਿਤਰੀਆਂ ਪੱਛਮ ਦੀ ਨਾਰੀਵਾਦੀ ਲਹਿਰ ਅਤੇ ਚਿੰਤਨ ਤੋਂ ਪ੍ਰੇਰਨਾ ਲੈਂਦੀਆਂ ਹਨ ਅਤੇ ਦੂਜੇ ਪਾਸੇ ਪੰਜਾਬੀ ਪੈਤਰਿਕ ਸਮਾਜ ਦਾ ਨਵੇਂ ਸਿਰਿਉਂ ਵਿਸ਼ਲੇਸ਼ਣ ਕਰਕੇ ਔਰਤ ਦੇ ਸੰਸਕ੍ਰਿਤਕ ਅਤੇ ਹੋਂਦਪਰਕ ਮਸਲਿਆਂ ਦੀ ਟੈਕਸਟ ਸਿਰਜਦੀਆਂ ਹਨ। ਸਮਕਾਲੀ ਪੰਜਾਬੀ ਕਵਿਤਾ ਦਾ ਨਾਰਵਾਦੀ ਪ੍ਰਵਚਨ ਰੋਮਾਂਟਿਕਤਾ, ਉਪਭਾਵੁਕਤਾ ਅਤੇ ਰੁਦਨ ਚੋਂ ਅਗਾਂਹ ਜਾ ਕੇ ਔਰਤ ਦੇ ਵਿਭਿੰਨ ਹੋਂਦਪਰਕ ਮਸਲਿਆਂ ਦੇ ਨਾਲ-ਨਾਲ ਸੰਘਰਸ਼ ਅਤੇ ਪ੍ਰਤਿਰੋਧ ਦਾ ਤਿੱਖਾ ਪ੍ਰਵਚਨ ਵੀ ਬਣਦਾ ਹੈ। ਭਾਵੇਂ ਕਿ ਇਹ ਸੰਘਰਸ਼ ਕਿਸੇ ਵਿਚਾਰਧਾਰਕ ਸੰਸਕ੍ਰਿਤਕ/ਆਰਥਿਕ/ਸਮਾਜਿਕ ਪ੍ਰਬੰਧ 'ਤੇ ਕੇਂਦਰਿਤ ਹੋਣ ਦੀ ਬਜਾਏ ਔਰਤ ਦੀ ਅੰਤਰੀਵ-ਚੇਤਨਾ ਦੁਆਲੇ ਦੀ ਨਿਰਮਿਤ ਹੁੰਦਾ ਹੈ, ਔਰਤ ਦੀ ਇਹ ਅੰਤਰੀਵ ਚੇਤਨਾ ਹੀ ਇਨ੍ਹਾਂ ਕਵਿਤਰੀਆਂ ਲਈ ਪ੍ਰਮਾਣਿਕ ਸੰਘਰਸ਼ ਦਾ ਆਧਾਰ ਬਣਦੀ ਹੈ।

ਤੇਹਾਂ ਦੇ ਕਰਬਲੇ 'ਚ ਵੀ ਲੰਘਣਾ ਪਿਆ
ਹੋਂਦ ਨੂੰ ਸਲਾਮਤ ਵੀ ਰੱਖਦਾ ਸੀ
ਮੈਨੂੰ ਪਾਣੀ ਦੇ ਵਜੂਦ 'ਤੇ
ਅੱਗ ਦੀ ਬੁੱਕਲ ਮਾਰਨੀ ਪਈ

ਸੁਖਵਿੰਦਰ ਅੰਮ੍ਰਿਤ, ਧੁੱਪ ਦੀ ਚੁੰਨੀ

ਔਰਤ ਦੇ ਅਸਤਿਤਵ ਬਾਰੇ ਚੇਤਨਾ ਜਗਾਉਂਦੀ ਹੋਈ ਇਹ ਸ਼ਾਇਰੀ ਉਨਾਂ ਵਿਪਰੀਤ ਸਥਿਤੀਆਂ/ਪ੍ਰਸਥਿਤੀਆਂ ਦਾ ਕਾਵਿਕ ਵਿਸਥਾਪਨ ਵੀ ਬੜੀ ਸਹਿਜਤਾ ਨਾਲ ਕਰ ਦਿੰਦੀ ਹੈ। ਜਿਹੜੀਆਂ ਔਰਤ ਨੂੰ ਲਘੂ ਹੋਂਦ ਸਵੀਕਾਰ ਕਰਦੀਆਂ ਹਨ।

ਪੰਜਾਬੀ ਕਵਿਤਾ ਦੇ ਖੇਤਰ ਵਿਚ ਕਾਮੁਕ ਸਰੋਕਾਰਾਂ ਵਾਲੀ ਕਵਿਤਾ ਬਾਰੇ ਪੰਜਾਬੀ ਦੇ ਉਤਰ-ਆਧੁਨਿਕ ਚਿੰਤਕਾਂ ਨੇ ਜਿਹੜਾ ਤਰਕ ਸਿਰਜਿਆ ਹੈ ਉਸ ਵਿਚ ਦੇਹ ਬਾਰੇ ਕਹਿੰਦੇ ਹਨ ਕਿ ਪੁਰਾਤਨ ਕਵਿਤਾ ਦੇਹ ਦੇ ਕਾਮੁਕ ਰਿਸ਼ਤਿਆਂ ਨੂੰ ਵੀ ਅਧਿਆਤਮਕ ਅਨੁਭਵ ਜਾਂ ਅਧਿਆਤਮਕ ਸੰਯੋਗ ਦੇ ਰੂਪ ਵਿਚ ਸਿਰਜ ਕੇ ਕਾਮੁਕਤਾ ਨੂੰ ਬੌਧਿਕਤਾ ਜਾਂ ਦੇਹੀ ਨੂੰ ਆਤਮਾ ਦਾ ਗੁਲਾਮ ਬਣਾਉਂਦੀ ਸੀ। ਪਰ ਅਜੋਕੇ ਸਮੇਂ ਵਿਚ ਦੇਹਵਾਦੀ ਪ੍ਰਵਿਤੀ ਨੇ ਨਾਰੀ ਨੂੰ ਮੰਡੀ ਦੀ ਵਸਤੂ ਬਣਾ ਦਿੱਤਾ ਹੈ। ਇਹ ਸਾਰੀ ਦੇਣ ਸਮਰਾਜਵਾਦੀ ਕਦਰਾਂ ਕੀਮਤਾਂ ਦੀ ਦੇਣ ਹੈ ਇਸ ਕਰੂਰ ਸਥਿਤੀ ਦਾ ਸਾਹਮਣਾ ਕਰਨ ਲਈ ਵਿਚਾਰਧਾਰਾ ਪ੍ਰਤੀਬੱਧਤਾ ਵਾਲੇ ਸ਼ਾਇਰ ਯਥਾਰਥ ਦੀ ਹੂ-ਬ-ਹੂ ਤਸਵੀਰ ਪੇਸ਼ ਕਰਕੇ ਪਾਠਕਾਂ ਦਾ ਧਿਆਨ ਖਿੱਚ ਰਹੇ ਹਨ।

ਖੜੀ ਜਾਵੇ, ਘੜੀ ਜਾਵੇ ਦੀ ਹੈਂਅ, ਬੰਦਿਆਂ 'ਚੋਂ ਕੋਹ ਕੋਹ ਕੇ
ਇਨ੍ਹਾਂ ਦੀ ਹਾਰ ਦਾ ਪਰਚਮ; ਇਹ ਆਤਮ-ਘਾਤ ਲੈ ਆਇਆ
ਜਿਸਮਖੋਰੀ, ਨਸ਼ਾਖੋਰੀ ਤੇ ਔਰਤ ਮਾਸ ਦੀ ਪੋਰੀ
ਇਹੀ ਔਰਤ ਸੀ ਤੇਰੀ, ਉਹ ਔਕਾਤ ਲੈ ਆਇਆ

ਦਰਸ਼ਨ ਖਟਕੜ

"ਵਿਚਾਰਧਾਰਾ ਇਉਂ ਮਨੁੱਖ ਦੀ ਸਮਾਜਿਕ-ਇਤਿਹਾਸਕ ਹੋਂਦ ਵਿਧੀ ਦਾ ਇਕ ਕੁਦਰਤੀ ਸਿੱਟਾ ਤੇ ਅਨਿੱਖੜਾ ਅੰਗ ਹੁੰਦੀ ਹੈ। ਵਿਚਾਰਧਾਰਾ ਇਕ ਪਾਸੇ ਸਮਾਜ ਦੇ

ਪਦਾਰਥਕ ਆਧਾਰਾ ਦਾ ਸਿੱਟਾ ਹੁੰਦੀ ਹੈ ਪਰ ਨਾਲ ਹੀ ਇਹ ਸਮਾਜ ਦੀ ਨੀਂਹ ਤੇ ਮੋੜਵਾਂ ਅਸਰ ਕਰਨ ਵਾਲੀ ਕਾਰਗਰ ਸ਼ਕਤੀ ਹੁੰਦੀ ਹੈ।"5

ਸਮਕਾਲ ਦੀ ਪੰਜਾਬੀ ਕਵਿਤਾ ਵਿਚ ਦਲਿਤ ਕਾਵਿ ਇਕ ਮਹੱਤਵਪੂਰਨ ਅਵਾਜ਼ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਬਹੁਤ ਸਾਰੇ ਕਵੀ ਦਲਿਤ-ਮੁਕਤੀ ਤੇ ਜਾਤੀ ਚੇਤਨਾ ਦੀਆਂ ਕਵਿਤਾਵਾਂ ਲਿਖ ਰਹੇ ਹਨ ਇਨ੍ਹਾਂ ਦੇ ਜਾਤ-ਪਾਤ, ਛੂਤ-ਛਾਤ ਦੇ ਫ਼ਰਕ ਨੂੰ ਵਿਆਪਕ ਪ੍ਰਸੰਗਾਂ ਵਿਚ ਰੱਖ ਕੇ ਪਰਖਿਆ ਹੈ। ਗੁਰਮੀਤ ਕੱਲਰਮਾਜਰੀ, ਸੰਤੋਖ ਸਿੰਘ ਸੁੱਖੀ, ਮਦਨਵੀਰਾ, ਮੋਹਨ ਤਿਆਗੀ, ਮਨਮੋਹਨ, ਬਲਬੀਰ ਮਾਧੋਪੁਰੀ ਆਦਿ ਦੀਆਂ ਰਚਨਾਵਾਂ ਵਿਚੋਂ ਦਲਿਤ-ਚੇਤਨਾ ਦੇ ਅੰਸ਼ ਪ੍ਰਗਟ ਹੋ ਰਹੇ ਹਨ। ਸਮਕਾਲੀ ਦਲਿਤ ਚੇਤਨਾ ਨੂੰ ਬੁਰਜ਼ੂਆਂ ਰਾਜਨੀਤੀ ਕਿਵੇਂ ਆਪਣੇ ਹਿੱਤਾਂ ਮੁਤਾਬਕ ਫ਼ਿਰਕਾਪ੍ਰਸਤੀ ਜਾਂ ਜਾਤ-ਪਾਤ ਫੈਲਾਉਣ ਵਾਲੀ ਚੇਤਨਾ ਦੇ ਤੌਰ 'ਤੇ ਪਰਵਰਤਿਤ ਕਰ ਦਿੰਦੀ ਹੈ, ਵਰਗੇ ਸਵਾਲ ਦਲਿਤ ਚਿੰਤਕਾਂ ਲਈ ਵੱਡੀਆਂ ਵੰਗਾਰਾਂ ਹਨ ਜਿਹਨਾਂ ਵੱਲ ਇਹ ਕਵੀ ਸੰਕੇਤ ਕਰਦੇ ਹਨ।

ਅਸੀ ਮੁਨਕਰ ਹਾਂ
ਉਸ ਸੱਚ ਤੋਂ
ਜਿਹੜਾ ਤੁਸੀ ਪੜਾਉਂਦੇ ਹੋ
ਜਿਹੜਾ ਤੁਸੀ ਸਿਖਾਉਂਦੇ ਹੋ
ਅਸੀਂ ਨਾਬਰ ਹਾਂ
ਤੁਹਾਡੇ ਉਸ ਫ਼ਲਸਫ਼ੇ ਤੋਂ
ਜਿਹੜਾ ਇਹ ਸਿੱਧ ਕਰਦਾ ਹੈ
ਕਿ ਧਰਤੀ ਤੇ ਨਰਕ
ਥੁੜਾਂ ਮਾਰਿਆਂ ਦੇ
ਮੱਥੇ ਦੀ ਲਿਖਤ ਹੈ
ਪਿਛਲੇ ਜਨਮ ਦਾ ਕੋਹੜ ਹੈ
ਸਰਾਪ ਹੈ
ਪਹਿਲੇ ਕੀਤਾ ਪਾਪ ਹੈ

ਮਦਨਵੀਰਾ, ਨਾਬਰਾਂ ਦੀ ਇਬਾਦਤ

ਮਹਾਂਨਗਰਾਂ ਵਿਚ ਪਹੁੰਚਿਆਂ ਮਨੁੱਖ ਬਹੁਤ ਜਿਆਦਾ ਬਨਾਵਟੀ ਤੇ ਖ਼ੁਦਗਰਜ਼ ਹੋ ਗਿਆ ਹੈ। ਅੱਜ ਦੇ ਦੌਰ ਵਿਚ ਜਿਥੇ ਮਨੁੱਖ ਨੂੰ ਲੱਗਦਾ ਹੈ ਕਿ ਉਸਦਾ ਅਸਤਿਤਵ ਖ਼ੁਰਦਾ ਜਾ ਰਿਹਾ ਹੈ। ਇਸ ਗੰਧਲੇ ਚੌਗਿਰਦੇ ਅੰਦਰ ਮਨੁੱਖ ਦੀ ਹੋਂਦ ਗੁਆਚੀ-ਗੁਆਚੀ, ਮਨ ਟੁੱਟਿਆ ਜਾਪਦਾ ਹੈ। ਸਮਾਜ ਵਿਚੋਂ ਕਦਰਾਂ-ਕੀਮਤਾਂ ਮਨਫ਼ੀ ਹੋ ਗਈਆਂ ਹਨ। ਸਮਾਜ ਵਿਚ ਬਹੁਤ ਲੋਕਾਂ ਦੇ ਇਖ਼ਲਾਕ ਤੇ ਕਿਰਦਾਰ ਵਿਚ ਭਾਰੀ ਨਿਘਾਰ ਆਇਆ ਹੈ। ਮਨੁੱਖੀ ਸੋਚ ਸਵੈ-ਕੇਂਦਰਿਤ ਹੋ ਰਹੀ ਹੈ। ਪੈਸੇ ਦੀ ਦੌੜ ਪਿਛੇ ਭੱਜਿਆ ਮਨੁੱਖ ਆਪਣੀ ਸੰਸਕ੍ਰਿਤੀ, ਕਲਾ ਤੇ ਇਤਿਹਾਸ ਭੁੱਲ ਰਿਹਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਇਹਨਾਂ ਨਵੀਆਂ ਪ੍ਰਸਥਿਤੀਆਂ ਜਿਸ ਵਿਚ ਮਨੁੱਖ ਉਲਝਿਆ ਪਿਆ ਹੈ, ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ।

ਸੜਕ-
ਜਿਸ ਤੇ ਮੈਂ ਹੀ ਕਾਰ ਨਹੀਂ ਚਲਾਉਂਦਾ
ਕਾਰ ਵੀ ਮੈਨੂੰ ਚਲਾਉਂਦੀ
ਬਾਜ਼ਾਰ-
ਜਿਥੇ ਮੈਂ ਹੀ ਪੈਸੇ ਨਹੀਂ ਖਰਚਦਾ
ਪੈਸੇ ਵੀ ਮੈਨੂੰ ਖਰਚਦੇ

ਜਸਵੰਤ ਜਫ਼ਰ, ਅਸੀ ਨਾਨਕ ਦੇ ਕੀ ਲਗਦੇ ਹਾ

ਸਮਕਾਲ ਦੌਰ ਵਿਚ ਵਿਰਾਟ ਰਾਜਨੀਤਕ/ਇਤਿਹਾਸ/ਸੰਸਕ੍ਰਿਤਕ ਸਰੋਕਾਰਾਂ ਨੂੰ ਆਪਣੀ ਕਵਿਤਾ ਵਿਚ ਵੱਖ-ਵੱਖ ਕਵੀਆਂ ਨੇ ਪੇਸ਼ ਕੀਤਾ ਹੈ। ਧਰਮ, ਰੱਬ, ਧਾਰਮਿਕ ਸੰਸਥਾਵਾਂ ਦੇ ਪੂੰਜੀਪੂਜਕ ਪ੍ਰਵਚਨਾਂ ਦੇ ਸਮਾਨਾਂਤਰ ਸਮਕਾਲੀ ਕਵੀਆਂ ਨੇ ਆਪਣੀ ਕਵਿਤਾ ਵਿਚ ਪੂੰਜੀ ਦੀ ਥਾਂ ਤੇ ਮਾਨਵ ਅਤੇ ਮਾਨਵਤਾ ਨੂੰ ਕੇਂਦਰ ਵਿਚ ਰੱਖਿਆ ਹੈ। ਭਾਵੇਂ ਕਿ ਅਜੋਕੇ ਸਮੇਂ ਵਿਚ ਧਰਮ ਮਾਨਵਤਾ ਦਾ ਸੁਨੇਹਾ ਦੇਣ ਵਾਲਾ ਸੰਸਕ੍ਰਿਤਕ ਪ੍ਰਵਚਨ ਨਹੀ ਸਗੋਂ ਮੰਡੀ ਵਿਚ ਕੈਸ਼ ਕਰਾਉਣ ਯੋਗ ਕੀਮਤੀ ਵਸਤੂ ਬਣ ਜਾਂਦੀ ਹੈ।

ਜੇ ਇੱਟਾਂ ਪੱਥਰ ਦੀ ਵਿਸ਼ੇਸ਼ ਬਣਤਰ ਵਾਲਾ ਭਵਨ
ਰੱਬ ਦਾ ਘਰ ਹੈ
ਤਾਂ ਉਹ ਰੱਬ ਮੇਰਾ ਨਹੀਂ
ਮੈਨੂੰ ਬੰਦੇ ਦੀ ਇਬਾਦਤ ਨਾਲ ਮੋਹ ਹੈ।

ਮੋਹਨਜੀਤ, ਉਹਲੇ ਵਿਚ ਉਜਿਆਰਾ

ਸੋ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਸਮਕਾਲ ਵਿਚ ਪਏ ਅੰਤਰ-ਵਿਰੋਧਾਂ, ਵਿਰੋਧਾਭਾਸਾਂ, ਵਿਰੋਧਤਾਈਆਂ ਤੇ ਇਸ ਪਿੱਛੇ ਪਈ ਗਰਾਮਰ ਨੂੰ ਗਲੋਬਲ ਆਰਥਿਕ, ਰਾਜਸੀ ਤੇ ਸੱਭਿਆਚਾਰਕ ਸੰਦਰਭ 'ਚ ਵੱਖ-ਵੱਖ ਪੱਧਰਾਂ 'ਤੇ ਪੇਸ਼ ਕਰਨਾ ਪੰਜਾਬੀ ਕਵਿਤਾ ਦਾ ਹਾਸਲ ਹੈ। ਅੱਜ ਦੀ ਪੰਜਾਬੀ ਕਵਿਤਾ ਨਵੇਂ ਸਰੋਕਾਰਾਂ ਨੂੰ ਲੈ ਕੇ ਅੱਗੇ ਵਧ ਰਹੀ ਹੈ ਤੇ ਭਵਿੱਖ ਵਿਚ ਵੀ ਇਸ ਤੋਂ ਚੰਗੇ ਹੁੰਗਾਰੇ ਦੀ ਉਮੀਦ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ 158.
2. ਸਤਿੰਦਰ ਸਿੰਘ, "ਆਧੁਨਿਕਵਾਦੀ ਪੰਜਾਬੀ ਕਾਵਿ ਦੀ ਰੂਪ-ਚੇਤਨਾ", ਖੋਜ ਪੱਤ੍ਰਿਕਾ, ਸਤੰਬਰ, 1983, ਪੰਨਾ 83.
3. ਡਾ. ਆਤਮ ਸਿੰਘ ਰੰਧਾਵਾ, ਸਾਹਿਤ ਅਧਿਐਨ ਵਿਧੀਆਂ ਤੇ ਸਮਕਾਲੀ ਪੰਜਾਬੀ ਕਵਿਤਾ, ਪੰਨਾ 123.

1. **ਸਰੋਕਾਰ, ਜਨਵਰੀ-ਮਾਰਚ, 2005, ਪੰਨਾ 61.**
2. ਡਾ. ਰਵਿੰਦਰ ਸਿੰਘ ਰਵੀ, ਵਿਰਸਾ ਤੇ ਵਰਤਮਾਨ, ਪੰਨਾ 17-18.